**ਸੁਧਾਰਾਤਮਕ ਸੇਵਾਵਾਂ ਵਿਭਾਗ ਨਾਲ ਸਾਂਝਾ ਉਪਕ੍ਰਮ**

**ਕਿਸ਼ੋਰ ਅਪਰਾਧੀ ਲਈ ਮੁਲਾਂਕਣ ਪੈਨਲ**

- **ਸੇਵਾ ਦਾ ਵੇਰਵਾ**

  ਦਿ ਯੰਗ ਓਫੈਂਡਰ ਅਸੈਸਮੈਂਟ ਪੈਨਲ (ਵਾਈਓਏਪੀ) (The Young Offender Assessment Panel, YOAP), ਕਿਸ਼ੋਰ ਅਪਰਾਧੀਆਂ ਨੂੰ ਸਜ਼ਾ ਦੇਣ ਵਿੱਚ ਸਭ ਤੋਂ ਉਚਿਤ ਮੁੜ-ਵਸੇਬਾ ਪ੍ਰੋਗਰਾਮ ਬਾਰੇ ਜੱਜਾਂ ਅਤੇ ਮੈਜਿਸਟ੍ਰੇਟਾਂ ਨੂੰ ਸੰਯੋਜਿਤ ਪੇਸ਼ੇਵਰ ਵਿਚਾਰ ਪ੍ਰਦਾਨ ਕਰਨ ਲਈ ਸੋਸ਼ਲ ਵੈਲਫੇਅਰ ਡਿਪਾਰਟਮੈਂਟ (ਐੱਸਡਬਲਯੂਡੀ) (Social Welfare Department, SWD) ਅਤੇ ਸੁਧਾਰਾਤਮਕ ਸੇਵਾਵਾਂ ਵਿਭਾਗ (ਸੀਐੱਸਡੀ) (Correctional Services Department, CSD) ਦੁਆਰਾ ਸੰਯੁਕਤ ਰੂਪ ਵਿੱਚ ਸਥਾਪਿਤ ਕੀਤਾ ਗਿਆ ਖਾਸ ਬੋਰਡ ਹੈ।

- **ਟੀਚਾਬੱਧ ਸਮੂਹ**

  1. ਮਰਦ ਅਪਰਾਧੀ ਉਮਰ 14 ਤੋਂ 25 ਤੋਂ ਘੱਟ;
  2. ਔਰਤ ਅਪਰਾਧੀ ਉਮਰ 14 ਤੋਂ 21 ਤੋਂ ਘੱਟ।

- **ਸੇਵਾ ਦਾ ਵਿਸ਼ਾ-ਵਸਤੂ**

  ਜੱਜਾਂ/ਮੈਜਿਸਟ੍ਰੇਟਾਂ ਤੋਂ ਹਵਾਲੇ ਪ੍ਰਾਪਤ ਹੋਣ 'ਤੇ, ਵਾਈਓਏਪੀ ਸਦੱਸ, ਜੋ ਦੋਵੇਂ ਵਿਭਾਗਾਂ ਦੇ ਪ੍ਰਤੀਨਿਧੀ ਹਨ, ਕੇਸਾਂ ਬਾਰੇ ਐੱਸਡਬਲਯੂਡੀ ਅਤੇ ਸੀਐੱਸਡੀ ਦੀਆਂ ਯੋਗਤਾ ਰਿਪੋਰਟਾਂ ਅਤੇ ਢੁੱਕਵੀਆਂ ਸਮੱਗਰੀਆਂ ਦਾ ਅਧਿਐਨ ਕਰਨਗੇ। ਉਹ ਹਰੇਕ ਅਪਰਾਧੀ ਦਾ ਇੰਟਰਵਿਊ ਲੈਣਗੇ, ਸੰਬੰਧਿਤ ਅਪਰਾਧੀ ਲਈ ਇਲਾਜ ਦੇ ਸਾਰੇ ਸੰਭਵ ਵਿਕਲਪਾਂ ਨੂੰ ਵਿਚਾਰਣਗੇ ਅਤੇ ਸਜ਼ਾ ਦੇਣ ਬਾਰੇ ਹਵਾਲਗੀ ਲਈ ਜੱਜਾਂ/ਮੈਜਿਸਟ੍ਰੇਟਾਂ ਨੂੰ ਸਭ ਤੋਂ ਢੁੱਕਵੇਂ ਮੁੜ-ਵਸੇਬਾ ਪ੍ਰੋਗਰਾਮ ਬਾਰੇ ਸਿਫ਼ਾਰਸ਼ ਪ੍ਰਦਾਨ ਕਰਨਗੇ।

- **ਜ਼ਰੂਰਤ**

  1. ਐੱਸਡਬਲਯੂਡੀ ਅਤੇ ਸੀਐੱਸਡੀ, ਦੋਵਾਂ ਤੋਂ ਯੋਗਤਾ ਰਿਪੋਰਟਾਂ ਮੰਗਵਾ ਲਈਆਂ ਗਈਆਂ ਹਨ/ਮੰਗਵਾਈਆਂ ਜਾ ਰਹੀਆਂ ਹਨ;
  2. ਸੀਐੱਸਡੀ ਦੀ ਕਸਟਡੀ ਲਈ ਅਪਰਾਧੀ ਰਿਮਾਂਡ ਲਈ ਗਿਆ ਹੋਣਾ ਚਾਹੀਦਾ ਹੈ ਤਾਂ ਜੋ ਮੈਡੀਕਲ, ਦਿਮਾਗੀ ਅਤੇ/ਜਾਂ ਮਨੋਵਿਗਿਆਨਿਕ ਮੁਲਾਂਕਣ, ਅਤੇ ਇੰਟਰਵਿਊ ਲਈ ਸੁਵਿਧਾ ਪ੍ਰਦਾਨ ਕੀਤੀ ਜਾ ਸਕੇ।

- **ਪੁੱਛ-ਗਿੱਛ**

  ਪਤਾ: Room 735, 7/F, Wu Chung House
  213 Queen's Road East
  Wan Chai, Hong Kong
  ਟੈਲੀਫ਼ੋਨ: 2892 5105
  ਫ਼ੈਕਸ : 2572 3540
  ਈਮੇਲ ਪਤਾ: corenq@swd.gov.hk
  ਦਫ਼ਤਰੀ ਘੰਟੇ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:45 ਤੋਂ ਸ਼ਾਮ 6:00
  (ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ)